UK Covid-19 Inquiry

**ਬੈਰੋਨੇਸ ਹੈਲੇਟ**
**ਯੂਕੇ ਕੋਵਿਡ-19 ਇਨਕੁਆਰੀ ਦੀ ਪ੍ਰਧਾਨ**

ਪਿਆਰੇ ਪ੍ਰਧਾਨ ਮੰਤਰੀ ਜੀ,

ਯੂਕੇ ਕੋਵਿਡ-19 ਇਨਕੁਆਰੀ - ਅਧਿਕਾਰ-ਖੇਤਰ ਸੰਬੰਧੀ ਸਿਫ਼ਾਰਸ਼ਾਂ

ਜਦੋਂ ਤੁਸੀਂ ਮੈਨੂੰ ਨਿਯੁਕਤ ਕੀਤਾ ਸੀ, ਤੁਸੀਂ ਮੈਨੂੰ ਅਧਿਕਾਰ-ਖੇਤਰ ਦੇ ਡਰਾਫਟ ਵਾਰੇ ਜਨਤਾ ਨਾਲ ਸਲਾਹ ਕਰਨ ਲਈ ਕਿਹਾ ਸੀ ਅਤੇ ਤੁਸੀਂ ਉਹ ਮੈਨੂੰ 10 ਮਾਰਚ ਨੂੰ ਦਿੱਤੇ ਸਨ। 11 ਮਾਰਚ ਨੂੰ ਮੈਂ ਉਹ ਪ੍ਰਕਿਰਿਆ ਸ਼ੁਰੂ ਕੀਤੀ ਅਤੇ ਮੈਂ ਅਤੇ ਮੇਰੀ ਟੀਮ ਨੇ ਹੁਣ ਆਪਣੀ ਛਾਣ-ਬੀਣ ਪੂਰੀ ਕਰ ਲਈ ਹੈ। ਮੈਂ ਆਪਣੀਆਂ ਅਧਿਕਾਰ-ਖੇਤਰ ਸੰਬੰਧੀ ਸਿਫ਼ਾਰਸ਼ਾਂ ਨੂੰ ਅਟੈਚ ਕਰਦੀ ਹਾਂ, ਜਿਨ੍ਹਾਂ ਨੂੰ ਸਲਾਹ-ਮਸ਼ਵਰੇ ਦੇ ਜਵਾਬਾਂ ਦੀ ਇਨਕੁਆਰੀ ਦੀ ਛਾਣ-ਬੀਣ ਦੇ ਆਧਾਰ 'ਤੇ ਸੋਧਿਆ ਗਿਆ ਹੈ।

20,000 ਤੋਂ ਜ਼ਿਆਦਾ ਵਿਅਕਤੀਆਂ ਅਤੇ ਸੰਗਠਨਾਂ ਨੇ ਸਲਾਹ-ਮਸ਼ਵਰੇ ਲਈ ਪ੍ਰਤੀਕਿਰਿਆ ਦਿੱਤੀਆਂ। ਚਾਰ ਹਫ਼ਤਿਆਂ ਦੇ ਸਲਾਹ-ਮਸ਼ਵਰੇ ਦੌਰਾਨ, ਮੈਂ ਪੂਰੇ ਯੂ.ਕੇ ਦੇ ਸ਼ਹਿਰਾਂ ਵਿੱਚ ਅਲੱਗ-ਅਲੱਗ ਸੈਕਟਰਾਂ ਦੀ ਨੁਮਾਇੰਦਗੀ ਕਰਨ ਵਾਲੇ 150 ਤੋਂ ਵੱਧ ਸੋਗ ਪੀੜਤ ਪਰਿਵਾਰਾਂ ਅਤੇ ਸੰਗਠਨਾਂ ਨਾਲ ਮੀਟਿੰਗਾਂ ਕੀਤੀਆਂ। ਮੈਂ ਖੁਦ ਸੁਣਿਆ ਹੈ ਕਿ ਯੂਕੇ ਵਿਚ ਕੋਰੋਨਵਾਇਰਸ ਮਹਾਂਮਾਰੀ ਨਾਲ ਨਜਿੱਠਣ ਲਈ ਡੂੰਘੀ ਜਾਂਚ ਕਿੰਨੀ ਜ਼ਰੂਰੀ ਹੈ। ਇਸ ਪ੍ਰਕਿਰਿਆ ਨੇ ਮੈਨੂੰ ਅਧਿਕਾਰ-ਖੇਤਰ ਦੀਆਂ ਸ਼ਰਤਾਂ ਦੇ ਡਰਾਫਟ ਦੀ ਇੱਕ ਜਾਣਕਾਰੀ ਭਰਪੂਰ ਅਤੇ ਲਾਭਦਾਇਕ ਆਲੋਚਨਾ ਪ੍ਰਦਾਨ ਕੀਤੀ। ਇਸਨੇ ਪੁੱਛਗਿੱਛ ਦਾ ਹਿੱਸਾ ਬਣਨ ਦੇ ਲੋਕਾਂ ਦੇ ਜਨੂੰਨ ਅਤੇ ਮੇਰੇ ਨਾਲ ਕੰਮ ਕਰਨ ਦੀ ਉਹਨਾਂ ਦੀ ਇੱਛਾ ਨੂੰ ਪ੍ਰਦਰਸ਼ਿਤ ਕੀਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬਹੁਮੁੱਲੇ ਸਬਕ ਸਿੱਖੇ ਜਾਂਦੇ ਹਨ।

ਸਲਾਹ-ਮਸ਼ਵਰੇ ਨੇ ਉਹਨਾਂ ਖੇਤਰਾਂ ਦਾ ਖੁਲਾਸਾ ਕੀਤਾ ਜਿੱਥੇ ਅਧਿਕਾਰ-ਖੇਤਰ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਮੈਂ ਬੱਚਿਆਂ ਅਤੇ ਨੌਜਵਾਨਾਂ 'ਤੇ ਧਿਆਨ ਕੇਂਦਰਿਤ ਕਰਨ ਦੇ, ਨਾਲ-ਨਾਲ ਯੂਕੇ ਦੀ ਆਬਾਦੀ ਦੀ ਮਾਨਸਿਕ ਸਿਹਤ ਅਤੇ ਭਲਾਈ ਤੋਂ ਇਲਾਵਾ, ਖੇਤਰੀ, ਵਿਕਸਤ ਅਤੇ ਰਾਸ਼ਟਰੀ ਸਰਕਾਰਾਂ, ਅਤੇ ਸਵੈਇੱਛੁਕ ਅਤੇ ਕਮਿਊਨਿਟੀ ਸੈਕਟਰ ਵਿਚਕਾਰ ਸਹਿਯੋਗ 'ਤੇ ਧਿਆਨ ਕੇਂਦਰਿਤ ਕਰਨ ਲਈ ਵੀ ਮਜਬੂਰ ਕਰਨ ਵਾਲੀਆਂ ਦਲੀਲਾਂ ਨੂੰ ਸੁਣਿਆ ਹੈ। ਇਸ ਲਈ ਮੈਂ ਤੁਹਾਨੂੰ ਇਹਨਾਂ ਮੁੱਦਿਆਂ ਨੂੰ ਸ਼ਾਮਲ ਕਰਨ ਲਈ ਅਧਿਕਾਰ-ਖੇਤਰ ਵਿਚ ਵਾਧਾ ਕਰਨ ਲਈ ਕਹਿ ਰਹੀ ਹਾਂ।

ਮਹਾਂਮਾਰੀ ਦਾ ਅਲੱਗ-ਅਲੱਗ ਪ੍ਰਭਾਵ ਇੱਕ ਇਹੋ ਜਿਹਾ ਵਿਸ਼ਾ ਸੀ ਜੋ ਸਲਾਹ-ਮਸ਼ਵਰੇ ਦੇ ਜਵਾਬਾਂ ਵਿੱਚ ਜ਼ੋਰਦਾਰ ਢੰਗ ਨਾਲ ਸਾਹਮਣੇ ਆਇਆ ਸੀ। ਇਸ ਲਈ ਮੈਂ ਸਿਫ਼ਾਰਸ਼ ਕਰ ਰਹੀ ਕਿ ਸੰਭਾਵੀ ਅਸਮਾਨਤਾਵਾਂ ਨੂੰ ਸਭ ਤੋਂ ਅੱਗੇ ਰੱਖਣ ਲਈ ਅਧਿਕਾਰ-ਖੇਤਰ ਨੂੰ ਫਿਰ ਤੋਂ ਤਿਆਰ ਕੀਤਾ ਜਾਵੇ ਤਾਂ ਜੋ ਮਹਾਂਮਾਰੀ ਦੇ ਕਿਸੇ ਵੀ ਅਸਮਾਨ ਪ੍ਰਭਾਵਾਂ ਦੀ ਜਾਂਚ ਪੂਰੀ ਇਨਕੁਆਰੀ ਦੌਰਾਨ ਚੱਲੇ। ਇਹ ਜ਼ਰੂਰੀ ਸਿਫ਼ਾਰਿਸ਼ ਇਹ ਯਕੀਨੀ ਬਣਾਏਗੀ ਕਿ ਇਨਕੁਆਰੀ ਆਪਣੇ ਆਪ ਵਿਚ ਸਭ ਕੁੱਝ ਸ਼ਾਮਲ ਕਰੇਗੀ।

ਅਖੀਰ ਵਿੱਚ, ਮੈਂ ਸਾਡਾ ਧਿਆਨ ਕੇਂਦਰਿਤ ਕਰਨ ਲਈ ਕਈ ਹੋਰ ਤਬਦੀਲੀਆਂ ਦਾ ਪ੍ਰਸਤਾਵ ਕਰ ਰਹੀ ਹਾਂ। ਇਹ ਤਬਦੀਲੀਆਂ ਕਈ ਮੁੱਖ ਖੇਤਰਾਂ ਨਾਲ ਸਬੰਧਤ ਹਨ, ਜਿਸ ਵਿੱਚ ਘਰ ਵਿੱਚ ਦੇਖਭਾਲ, ਰੈਗੂਲੇਟਰੀ ਨਿਯੰਤਰਣ, ਘਰੇਲੂ ਸ਼ੋਸ਼ਣ ਦੇ ਪੀੜਤਾਂ ਲਈ ਸਹਾਇਤਾ, ਅਤੇ 111 ਅਤੇ 999 ਸੇਵਾਵਾਂ ਸਮੇਤ NHS ਨਾਲ ਪਹਿਲਾ ਸੰਪਰਕ ਸ਼ਾਮਲ ਹੈ।

ਮੇਰਾ ਵਿਸ਼ਵਾਸ਼ ਹੈ ਕਿ ਇਹ ਤਬਦੀਲੀਆਂ ਇਹ ਯਕੀਨੀ ਬਣਾਉਣਗੀਆਂ ਕਿ ਯੂਕੇ ਦੀ ਤਿਆਰੀ ਅਤੇ ਕੋਵਿਡ-19 ਮਹਾਂਮਾਰੀ ਦੀ ਪ੍ਰਤੀਕਿਰਿਆ ਦੀ ਜਾਂਚ ਕਰਨ ਅਤੇ ਭਵਿੱਖ ਲਈ ਸਬਕ ਸਿੱਖਣ ਲਈ ਇਹ ਇਨਕੁਆਰੀ ਆਪਣੇ ਉਦੇਸ਼ ਨੂੰ ਸਭ ਤੋਂ ਵਧੀਆ ਢੰਗ ਨਾਲ ਪੂਰਾ ਕਰ ਸਕਦੀ ਹੈ।

ਮੈਨੂੰ ਉਮੀਦ ਹੈ ਕਿ ਤੁਸੀਂ ਮੇਰੀਆਂ ਸਿਫ਼ਾਰਸ਼ਾਂ ਨੂੰ ਪੂਰੀ ਤਰ੍ਹਾਂ ਸਵੀਕਾਰ ਕਰੋਗੇ। ਇਸ ਤਰ੍ਹਾਂ ਕਰਨ ਨਾਲ ਉਹਨਾਂ ਸਾਰੇ ਲੋਕਾਂ ਦੇ ਮਹੱਤਵਪੂਰਨ ਯੋਗਦਾਨ ਦੀ ਪਹਿਚਾਣ ਹੋਵੇਗੀ ਜਿਨ੍ਹਾਂ ਨੇ ਇਨਕੁਆਰੀ ਦੇ ਪਬਲਿਕ ਸਲਾਹ-ਮਸ਼ਵਰੇ ਵਿੱਚ ਹਿੱਸਾ ਲਿਆ ਸੀ ਅਤੇ ਅਜਿਹਾ ਤੇਜ਼ੀ ਨਾਲ ਕਰਨ ਨਾਲ ਇਹ ਯਕੀਨੀ ਹੋ ਜਾਵੇਗਾ ਕਿ ਇਨਕੁਆਰੀ ਬਿਨਾਂ ਦੇਰੀ ਦੇ ਆਪਣਾ ਰਸਮੀ ਕੰਮ ਸ਼ੁਰੂ ਕਰ ਸਕਦੀ ਹੈ।

ਤੁਹਾਡੀ ਸ਼ੁਭਚਿੰਤਕ,



Rt ਮਾਨਯੋਗ ਬੈਰੋਨੇਸ ਹੈਲੇਟ DBE PC

ਨੱਥੀ ਅਧਿਕਾਰ-ਖੇਤਰ ਦੀਆਂ ਪ੍ਰਸਤਾਵਿਤ ਸੋਧਾਂ